6/46/2010-1ਵਿ.ਪ੍ਰ.2/ 322892/1

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-2 ਸਾਖਾ)

ਮਿਤੀ,ਚੰਡੀਗੜ੍ਹ: 13-10-14

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਡਵੀਜਨਾਂ ਦੇ ਕਮਿਸਨਰ,
ਸਮੂਹ ਜਿਲ੍ਹਾ ਅਤੇ ਸੈਸਨ ਜੱਜ ਅਤੇ
ਸਮੂਹ ਡਿਪਟੀ ਕਮਿਸਨਰ,ਪੰਜਾਬ ਰਾਜ ਵਿੱਚ।

ਵਿਸਾ:- ਸੀਨੀਅਰ ਅਧਿਕਾਰੀ/ਕਰਮਚਾਰੀ ਦੀ ਤਨਖਾਹ ਉਸਦੇ ਜੂਨੀਅਰ ਦੇ ਬਰਾਬਰ ਕਰਨ ਬਾਰੇ।

ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸੇ ਤੇ ਇਸ ਵਿਭਾਗ ਦੇ ਅੰ:ਵਿ:ਪੱ:ਨੰ:6/46/2010-1ਐਫ.ਪੀ.2/327 ਮਿਤੀ 12.8.2010 ਰਾਹੀਂ ਜਾਰੀ ਹਦਾਇਤਾਂ ਦੇ ਹਵਾਲੇ ਵਿੱਚ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸੀਨੀਅਰ ਅਧਿਕਾਰੀਆ/ਕਰਮਚਾਰੀਆਂ ਦੀ ਤਨਖਾਹ ਉਸਦੇ ਜੂਨੀਅਰ ਦੇ ਬਰਾਬਰ ਸਟੈਪ-ਅਪ ਕਰਨ ਸਬੰਧੀ ਕੇਸਾਂ ਦਾ ਨਿਪਟਾਰਾ ਹੇਠ ਲਿਖੇ ਅਨੁਸਾਰ ਕੀਤਾ ਜਾਵੇ:-

1. ਗਰੁੱਪ "ਏ" ਅਤੇ "ਬੀ" ਕੈਟਾਗਰੀ ਦੇ ਅਧਿਕਾਰੀਆਂ ਦੇ ਕੇਸਾਂ ਦਾ ਨਿਪਟਾਰਾ ਪ੍ਰਬੰਧਕੀ ਵਿਭਾਗ ਦੇ ਪੱਧਰ ਤੇ ਕੀਤਾ ਜਾਵੇ।
2. ਗਰੁੱਪ "ਸੀ" ਅਤੇ "ਡੀ" ਕਰਮਚਾਰੀਆਂ ਦੇ ਕੇਸਾਂ ਦਾ ਨਿਪਟਾਰਾ ਵਿਭਾਗੀ ਮੁੱਖੀ (Head of the Department) ਦੇ ਪੱਧਰ ਤੇ ਕੀਤਾ ਜਾਵੇ।

ਉਪੋਰਕਤ ਅਨੁਸਾਰ ਕਾਰਵਾਈ ਕਰਨ ਲਈ ਜਿਹੜੇ ਵਿਭਾਗਾਂ ਵਿੱਚ ਵਿੱਤ ਵਿਭਾਗ ਦੇ ਪੀ.ਐਸ.ਏ.ਐਸ. ਕਾਡਰ ਦੇ ਅਧਿਕਾਰੀ ਜਿਵੇਂ ਕਿ ਸੈਕਸਨ ਅਫਸਰ/ਸਹਾਇਕ ਕੰਟਰੋਲਰ (ਵਿੱਤ ਤੇ ਲੇਖਾ)/ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)/ਸੰਯੁਕਤ ਕੰਟਰੋਲਰ(ਵਿੱਤ ਤੇ ਲੇਖਾ) /ਵਧੀਕ ਡਾਇਰੈਕਟਰ-ਕਮ-ਕੰਟਰੋਲਰ (ਵਿਤ ਤੇ ਲੇਖਾ) ਤਾਇਨਾਤ ਹਨ, ਇਹ ਕੇਸ ਉਨ੍ਹਾਂ ਤੋਂ ਵੈਟ ਕਰਵਾਉਣ ਉਪਰੰਤ ਹੀ ਸਮਰੱਥ ਅਧਿਕਾਰੀ ਵਲੋਂ ਪ੍ਰਵਾਨ ਕੀਤੇ ਜਾਣ। ਜਿਹੜੇ ਵਿਭਾਗਾਂ /ਦਫਤਰਾਂ ਵਿੱਚ ਇਸ ਕਾਡਰ ਦੇ ਅਧਿਕਾਰੀ ਨਹੀ ਹਨ, ਉਹ ਵਿੱਤ ਵਿਭਾਗ ਦੀ ਅੰਦਰੂਨੀ ਪੜਤਾਲ ਸੰਸਥਾ(ਹੈਡ ਆਫਿਸ) ਜਾਂ ਜਿਲ੍ਹਾ ਪੱਧਰ ਦੇ ਦਫਤਰਾਂ ਲਈ ਅੰਦਰੂਨੀ ਪੜਤਾਲ ਸੰਸਥਾ ਦੇ ਜਿਲ੍ਹਾ ਪੱਧਰੀ ਦਫਤਰਾਂ ਤੋਂ ਵੈਟ ਕਰਵਾਉਣ ਉਪਰੰਤ ਹੀ ਸਮਰੱਥ ਅਧਿਕਾਰੀ ਵਲੋਂ ਪ੍ਰਵਾਨ ਕੀਤੇ ਜਾਣ।

3. ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਸਟੈਪ-ਅਪ ਦਾ ਲਾਭ ਦੇਣ ਉਪਰੰਤ ਬਣਦਾ ਏਰੀਅਰ ਸਬੰਧਤ ਅਧਿਕਾਰੀ/ਕਰਮਚਾਰੀ ਵਲੋਂ ਦਿੱਤੀ ਪ੍ਰਤੀਬੇਨਤੀ ਦੀ ਮਿਤੀ ਤੋਂ 38 ਮਹੀਨੇ ਤੱਕ ਦਾ ਹੀ ਦਿੱਤਾ ਜਾਵੇ।
4. ਇਹ ਹਦਾਇਤਾਂ ਤੁਰੰਤ ਲਾਗੂ ਹੋਣਗੀਆਂ।

ਵਿਸਵਾਸਪਾਤਰ

(ਕਮਲੇਸ ਅਰੋੜਾ)

ਉਪ ਸਕੱਤਰ ਵਿੱਤ

ਪਿੱ:ਅੰ.ਨੰ: 6/46/2010-1ਵਿ.ਪ੍ਰ.2/ 322892/2 ਮਿਤੀ,ਚੰਡੀਗੜ੍ਹ: 13-10-14

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਮਹਾਂਲੇਖਾਕਾਰ(ਆਡਿਟ), ਪੰਜਾਬ,ਚੰਡੀਗੜ੍ਹ ।
2. ਪ੍ਰਮੁੱਖ ਮਹਾਂਲੇਖਾਕਾਰ(ਲੇਖਾ ਅਤੇ ਹੱਕਦਾਰੀ), ਪੰਜਾਬ ਚੰਡੀਗੜ੍ਹ।

ਉਪ ਸਕੱਤਰ ਵਿੱਤ

ਪਿੱਠ.ਅੰ:ਨੰ:6/46/2010-1ਵਿ.ਪ੍ਰ.2/ 322892/3 ਮਿਤੀ, ਚੰਡੀਗੜ੍ਹ 13-10-14

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਸਮੂਹ ਵਿੱਤੀ ਕਮਿਸ਼ਨਰਜ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ।
3. ਸਥਾਨਕ ਵਿੱਤੀ ਕਮਿਸ਼ਨਰ, ਪੰਜਾਬ ਭਵਨ, Copernicus Marg, ਨਵੀਂ ਦਿੱਲੀ।

ਉਪ ਸਕੱਤਰ ਵਿੱਤ

ਪਿੱਠ ਅੰ:ਨੰ:6/46/2010-1-ਵਿ.ਪ੍ਰ.2/322892/4 ਮਿਤੀ,ਚੰਡੀਗੜ੍ਹ: 13-10-14

ਇਸ ਦਾ ਇਕ ਉਤਾਰਾ ਡਾਇਰੈਕਟਰ, ਖਜਾਨਾ ਤੇ ਲੇਖਾ, ਪੰਜਾਬ ਅਤੇ ਰਾਜ ਦੇ ਸਮੂਹ ਜਿਲ੍ਹਾ ਖਜਾਨਾ ਅਫਸਰ/ਖਜਾਨਾ ਅਫਸਰ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ